# ਰਾਮੁ ਨ ਜਪਹੁ ਅਭਾਗੇ

## ਰਾਗੁ ਮਾਰੂ ਬਾਣੀ ਕਬੀਰ ਜੀਉ ਕੀ

## ੴ ਸਤਿ ਗੁਰ ਪ੍ਰਸਾਦਿ ॥

ਭਗਤ ਕਬੀਰ ਜੀ ਨੇ ਇਹ ਸ਼ਬਦ ਮਾਰੂ ਰਾਗ ਵਿਚ ਉਚਾਰਣ ਕੀਤਾ ਹੈ ਜੋ ਪੰਨਾ ੧੧੦੨ ਤੇ ਸੁਭਾਇਮਾਨ ਹੈ। ਪੰਚਮ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਸਾਹਿਬ ਨੇ ਇਸ ਨੂੰ ਦਰਜ ਕਰਦਿਆਂ ਮੂਲ ਮੰਤਰ ਦਾ ਸੰਖਿਪਤ ਸਰੂਪ (Short form), ਮੰਗਲਾਚਰਣ ਵਜੋਂ ਅੰਕਤ ਕੀਤਾ ਹੈ।

**ਪਡੀਆ ਕਵਨ ਕੁਮਤਿ ਤੁਮ ਲਾਗੇ॥**
**ਬੂਡਹੁਗੇ ਪਰਵਾਰ ਸਕਲ ਸਿਉ ਰਾਮੁ ਨ ਜਪਹੁ ਅਭਾਗੇ॥੧॥ਰਹਾਉ॥**

ਭਗਤ ਜੀ ਨੇ ਇਸ ਸ਼ਬਦ ਵਿਚ, ਅੰਤਮ ਪ੍ਰਾਪਤੀ ਲਈ ਅਤਿਅੰਤ ਸਪੱਸ਼ਟ ਤੌਰ ਤੇ ਨਾਮ ਦੀ ਮਹਿਮਾ ਦੇ ਤੁਲ, ਧਰਮ ਗ੍ਰੰਥਾਂ ਦੇ ਨਿਰੇ ਪਾਠ ਪਠਣ ਅਤੇ ਹੋਰ ਧਾਰਮਕ ਕਰਮ ਕਾਂਡ ਵਿਅਰਥ ਦਸੇ ਹਨ। ਕਬੀਰ ਸਾਹਿਬ, ਵਕਤ ਦੇ ਪੁਰੋਹਿਤ/ਵਿਦਵਾਨ/ਧਰਮ ਦੇ ਠੇਕੇਦਾਰ ਵਰਗ (priestly class) ਦੇ ਵਿਅਰਥ ਦੇ ਕਰਮ ਕਾਂਡ ਨੂੰ ਨਕਾਰਦੇ ਹੋਏ ਫ਼ੁਰਮਾਣ ਕਰ ਰਹੇ ਹਨ ਕਿ

-- ਹੇ ਪੰਡਤ ! ਤੂੰ ਕਿਹੜੇ ਵਿਅਰਥ ਦੇ ਕਰਮ ਕਾਂਡ ਵਿਚ ਲਗਿਆ ਹੋਇਆ ਹੈਂ, ਤੂੰ ਇਹ ਕਿਸ ਤਰ੍ਹਾਂ ਦੀ ਮਾੜੀ ਮਤ ਧਾਰਣ ਕਰ ਲਈ ਹੈ !

-- ਕਿਉਂ ਜੋ ਤੂੰ ਤਾਂ ਪਰਮੇਸ਼ਰ ਦੇ ਨਾਮ ਦਾ ਸਿਮਰਣ ਕਰਦਾ ਹੀ ਨਹੀਂ, ਇਸ ਲਈ, ਹੇ ਮਾੜੇ ਭਾਗਾਂ ਵਾਲੇ ਵਿਦਵਾਨ ਪੰਡਤ ! ਸਿਰਫ਼ ਤੂੰ ਹੀ ਨਹੀਂ, ਬਲਕਿ ਆਪਣੇ ਸਾਰੇ ਪਰਿਵਾਰ ਸਮੇਤ ਭਵਜਲ ਸੰਸਾਰ ਸਾਗਰ ਵਿਚ ਡੁਬੇਂਗਾ ਹੀ ਡੁਬੇਂਗਾ।੧।ਰਹਾਉ।

ਜੋ ਮਨੁਖ ਨਾਮ ਨਹੀਂ ਜਪਦੇ, ਭਗਤ ਜੀ ਨੇ, ਅਜਿਹੇ ਮਨੁਖਾਂ ਨੂੰ 'ਅਭਾਗੇ', ਭਾਵ, **ਮਾੜੇ ਭਾਗਾਂ ਵਾਲੇ**, ਕਿਹਾ ਹੈ। ਸ੍ਰੀ ਗੁਰੂ ਰਾਮਦਾਸ ਸਾਹਿਬ ਨੇ ਵੀ ਸਪੱਸ਼ਟ ਬਚਨ ਕੀਤੇ ਹਨ ਕਿ ਜਿਸ ਨੇ 'ਹਰਿ ਹਰਿ ਹਰਿ', ਭਾਵ, ਵਾਹਿਗੁਰੂ ਵਾਹਿਗੁਰੂ ਵਾਹਿਗੁਰੂ... ਕਰਕੇ ਨਾਮ ਰਸ ਪ੍ਰਾਪਤ ਨਹੀਂ ਕੀਤਾ, ਉਹ ਵਿਚਾਰੇ ਭਾਗਾਂ ਤੋਂ ਹੀਣ ਹਨ ਅਤੇ ਜਮਾਂ ਪਾਸ ਹੀ ਜਾਣਗੇ - 'ਜਿਨ੍ ਹਰਿ ਹਰਿ ਹਰਿ ਰਸੁ ਨਾਮੁ ਨ ਪਾਇਆ ਤੇ ਭਾਗਹਿਣ ਜਮ ਪਾਸਿ॥', ਪੰਨਾ ੪੯੨.

ਕਿਉਂਕਿ ਸਾਰੇ ਧਰਮ ਗ੍ਰੰਥ ਤਾਂ ਖ਼ੁਦ ਹੀ ਨਾਮ ਸਿਮਰਨ ਦਾ ਰਾਹ ਦਿਖਾਉਂਦੇ ਹਨ। ਸ੍ਰੀ ਗੁਰੂ ਨਾਨਕ ਸਾਹਿਬ, ਪੰਨਾ ੬੬੩ ਤੇ ਫ਼ੁਰਮਾਣ ਕਰਦੇ ਹਨ ਕਿ ਭਾਵੇਂ ਪਾਣਿਨੀ ਆਦਿਕ ਸਾਰੇ ਗ੍ਰੰਥਾਂ ਰਾਹੀਂ ਭਾਸ਼ਾ/ਵਿਆਕਰਣ ਦੀ ਮੁਹਾਰਤ ਹਾਸਲ ਕਰ ਲਉ, ਭਾਵ ਜਿਨਾਂ ਮਰਜ਼ੀ ਸ਼ੁਧ ਪਾਠ ਕਰ ਲਉ ਜਾਂ ਪੁਰਾਣਾਂ ਆਦਿ ਸਮੂਹ ਗ੍ਰੰਥਾਂ ਨੂੰ ਸੋਧ ਸੋਧ ਕੇ ਵੇਖ ਲਵੋ ਭਾਵੇਂ ਵੇਦ ਆਦਿਕ ਸਾਰੇ ਧਰਮ ਗ੍ਰੰਥਾਂ ਦਾ ਜਿਨਾਂ ਮਰਜ਼ੀ ਅਭਿਆਸ ਕਰ ਲਉ, ਪਾਤਸ਼ਾਹ ਫ਼ੁਰਮਾਣ ਕਰਦੇ ਹਨ ਕਿ ਹਰੀ, ਪ੍ਰਭੂ ਦਾ ਨਾਮ ਜਪੇ ਬਿਨਾਂ ਮੁਕਤੀ ਪ੍ਰਾਪਤ ਨਹੀਂ ਹੋ ਸਕਦੀ - 'ਅਸਟ ਸਾਜ ਸਾਜਿ ਪੁਰਾਣ ਸੋਧਹਿ ਕਰਹਿ ਬੇਦ ਅਭਿਆਸੁ॥ ਬਿਨੁ ਨਾਮ ਹਰਿ ਕੇ ਮੁਕਤਿ ਨਾਹੀ ਕਹੈ ਨਾਨਕ ਦਾਸੁ॥' (ਅਸਟ ਸਾਜ - ਅਠ ਵਿਆਕਰਣ, ਭਾਵ, ਇੰਦ੍ਰ, ਚੰਦ੍ਰ, ਕਾਸ਼ਕ੍ਰਿਤਸ੍ਨ, ਅਪਿਸ਼ਲਿ, ਸ਼ਾਕਟਾਯਨ, ਪਾਣਿਨੀ, ਅਮਰ ਅਤੇ ਜੈਨੇਂਦ੍ਰ ਦੇ ਰਚੇ ਵਿਆਕਰਣ। ਇਸ ਤੋਂ ਇਲਾਵਾ ਭਵਿਸ਼ਯਤੀ ਪੁਰਾਣ ਵਿਚ ਵੀ ਅਠ ਵਿਆਕਰਣ ਆਏ ਹਨ। ਪਾਠ ਅਤੇ ਅਰਥ ਗਿਆਨ ਦੇ

ਸਹਾਇਕ ਅਠ ਅੰਗ ਵੀ ਹਨ। ਵੈਦਿਕ ਛੰਦਾਂ ਦੇ ਵੀ ਅਠ ਭੇਦ ਹਨ। ਗੀਤਾ ਦੇ ਵੀ ਅਠ ਅਧਿਆਇ ਹਨ।) ਸ੍ਰੀ ਗੁਰੂ ਨਾਨਕ ਸਾਹਿਬ, ਵਿਦਵਾਨ ਪੰਡਤ ਨੂੰ ਕਹਿ ਰਹੇ ਹਨ ਕਿ ਧਰਮ ਗ੍ਰੰਥਾਂ ਦਾ, ਇਤਨਾ, ਸੁਆਰ ਕੇ, ਸੋਧ ਸੋਧ ਕੇ ਵੀ ਸ਼ੁਧ ਪਾਠ ਕਰ ਲਈਏ, ਤਾਂ ਵੀ ਸਿਮਰਣ ਤੋਂ ਬਿਨਾਂ ਮੁਕਤੀ ਨਹੀਂ ਮਿਲ ਸਕਦੀ। ਪੰਚਮ ਪਾਤਸ਼ਾਹ ਦਾ ਵੀ ਨਿਰਨਾ ਹੈ ਸਾਰੇ ਧਰਮ ਗ੍ਰੰਥ, ਸ਼ਾਸਤਰ, ਸਿਮ੍ਰਿਤੀਆਂ, ਵੇਦ ਆਦਿ, ਪੁਕਾਰ ਪੁਕਾਰ ਕੇ ਕਹਿ ਰਹੇ ਹਨ। ਉਨ੍ਹਾਂ ਨੂੰ ਸੋਧ ਸੋਧ ਕੇ ਵੀਚਾਰ ਲਿਆ ਹੈ। ਅਖੀਰ ਹਾਰ ਕੇ ਗੁਰੂ ਦੀ ਸ਼ਰਣ ਪੈ ਕੇ ਪਤਾ ਲਿਆ ਹੈ ਕਿ ਹਰੀ ਪ੍ਰਭੂ ਦੇ ਭਜਨ, ਸਿਮਰਣ ਬਿਨਾਂ ਛੁਟਕਾਰਾ ਸੰਭਵ ਹੀ ਨਹੀਂ - 'ਸਸਾ ਸਰਨਿ ਪਰੇ ਅਬ ਹਾਰੇ॥ ਸਾਸਤ੍ਰ ਸਿਮ੍ਰਿਤਿ ਬੇਦ ਪੂਕਾਰੇ॥ ਸੋਧਤ ਸੋਧਤ ਸੋਧਿ ਬੀਚਾਰਾ॥ ਬਿਨੁ ਹਰਿ ਭਜਨ ਨਹੀ ਛੁਟਕਾਰਾ॥', ਪੰਨਾ ੨੬੦.

(ਗੁਰੂ ਗ੍ਰੰਥ ਸਾਹਿਬ, ਸ੍ਰੀ ਦਸਮ ਗ੍ਰੰਥ ਸਾਹਿਬ ਤੇ ਹੋਰ ਪੋਥੀਆਂ ਵੀ ਤਾਂ ਵਾਰ ਵਾਰ ਨਾਮ ਜਪਣ ਦਾ ਹੀ ਉਪਦੇਸ਼ ਕਰਦੇ ਹਨ। )

ਸ੍ਰੀ ਗੁਰੂ ਅਰਜਨ ਦੇਵ ਸਾਹਿਬ ਪਾਤਸ਼ਾਹ, ਪੰਨਾ ੭੬੧ ਤੇ, ਫੁਰਮਾਣ ਕਰਦੇ ਹਨ ਕਿ ਸਿਮ੍ਰਿਤੀਆਂ, ਵੇਦ, ਪੁਰਾਣ ਆਦਿ ਸਾਰੇ ਧਰਮ ਗ੍ਰੰਥ, ਪੋਥੀਆਂ ਪੁਕਾਰ ਪੁਕਾਰ ਕੇ ਕਹਿੰਦੇ ਹਨ ਕਿ ਨਾਮ ਜਪੇ ਬਿਨਾਂ ਹੋਰ ਕੁਝ ਵੀ ਪੜ੍ਹਨਾ, ਬੋਲਣਾ ਆਦਿ ਕੰਮ, ਹੋਛੀਆਂ ਗਲਾਂ ਜਾਂ ਗਾਲ੍ਹਾਂ ਕਢਣ ਦੇ ਤੁਲ ਹਨ - 'ਸਿਮ੍ਰਿਤਿ ਬੇਦ ਪੁਰਾਣ ਪੁਕਾਰਨਿ ਪੋਥੀਆ॥ ਨਾਮ ਬਿਨਾ ਸਭਿ ਕੂੜੁ ਗਾਲੀ ਹੋਛੀਆ॥'

ਸੁਖਮਨੀ ਸਾਹਿਬ ਵਿਚ ਫ਼ੁਰਮਾਣ ਹੈ - 'ਸਿਮਰਉ ਸਿਮਰਿ ਸਿਮਰਿ ਸੁਖੁ ਪਾਵਉ॥' ਆਪਣੇ ਆਪ ਨੂੰ ਮੁੜ ਚੇਤੇ ਕਰਵਾਉਣ ਲਈ ਇਸ ਦਾ ਰੋਜ਼ ਪਾਠ ਕਰਨਾ ਉਚਿਤ ਹੈ। ਪਰ, ਪ੍ਰਸ਼ਨ ਹੈ ਕਿ, 'ਕੀ ਇਹੀ ੧੦ ਵੇਰ, ੧੦੦ ਵੇਰ ਕਹਿਣ ਨਾਲ ਸੁਖ ਦੀ ਪ੍ਰਾਪਤੀ ਹੋ ਜਾਏਗੀ ?' ਉਤਰ 'ਨਹੀਂ' ਹੀ ਹੈ। ਗੁਰਵਾਕ ਮੁਤਾਬਕ, ਸੁਖ ਦੀ ਪ੍ਰਾਪਤੀ ਤਾਂ ਸਿਮਰਣ ਨਾਲ ਹੀ ਹੋਣੀ ਹੈ। ਫ਼ਿਰ ਤਾਂ ਸਿਮਰਣ ਕਰਕੇ ਹੀ, ਗੁਰੂ ਦੇ ਇਸ ਹੁਕਮ ਤੇ, ਅਮਲ ਹੋਏਗਾ।

ਭਗਤ ਕਬੀਰ ਜੀ ਦੇ ਮੌਜੂਦਾ ਸ਼ਬਦ ਵਿਚ, ਇਥੇ 'ਪਡੀਆ' ਜਾ 'ਪੰਡਿਤ' ਦਾ ਭਾਵ, ਸਿਰਫ਼ ਹਿੰਦੂਆਂ ਦੇ ਬ੍ਰਾਹਮਣ ਵਰਗ ਨਾਲ ਨਹੀਂ ਹੈ, ਬਲਕਿ ਵਿਸ਼ਵ ਦੇ ਸਮੁਚੇ ਪੁਰੋਹਿਤ ਵਰਗ (Priestly class) ਨਾਲ ਹੈ, ਜਿਸ ਵਿਚ ਅਜੋਕਾ ਵਿਦਵਾਨ, ਖ਼ਾਸ ਤੌਰ ਤੇ ਧਰਮ ਦਾ ਵਿਦਵਾਨ ਵਰਗ, ਸ਼ਾਮਲ ਹਨ। ਹਰ ਧਰਮ ਦੇ ਵਿਚ ਅਜਿਹਾ ਵਰਗ ਦੁਨੀਆਂ ਨੂੰ ਗੁੰਮਰਾਹ ਹੀ ਕਰਦਾ ਆਇਆ ਹੈ, ਅਜ ਵੀ ਸਿਮਰਣ ਤੋਂ ਤੋੜ ਰਿਹਾ ਹੈ, ਉਹ ਚਾਹੇ ਹਿੰਦੂ, ਮੁਸਲਮਾਨ, ਈਸਾਈ, ਜੈਨ, ਬੁਧ ਜਾਂ ਸਿਖੀ, ਗੁਰਮਤਿ ਦਾ ਹੋਵੇ। ਅਜ ਤਕ ਦਾ ਇਤਿਹਾਸ, ਇਸ ਕੌੜੀ ਸਚਿਆਈ ਦਾ ਗਵਾਹ ਹੈ। ਇਸ ਦੁਨੀਆਂ ਵਿਚ ਜਿਤਨੇ ਵੀ ਮਹਾਤਮਾ ਆਏ ਉਨ੍ਹਾਂ ਨੇ ਇਸ ਵਰਗ ਦੇ ਅਖੌਤੀ ਧਰਮ ਨੂੰ ਨਾ ਸਿਰਫ਼ ਅਪ੍ਰਵਾਨ ਹੀ ਕੀਤਾ ਹੈ ਸਗੋਂ ਉਸ ਦਾ ਖੰਡਨ ਵੀ ਕੀਤਾ ਹੈ।

ਭਗਤ ਜੀ ਨੇ 'ਰਾਮ ਰਾਮ' ਜਪਣ ਦਾ ਉਪਦੇਸ਼ ਦਿਤਾ ਹੈ। ਉਨ੍ਹਾਂ ਦਾ ਗੁਰਮੰਤਰ '**ਰਾਮ**' ਹੈ। ਗੁਰੂ ਨਾਨਕ ਨੇ ਸਿਖ ਨੂੰ 'ਵਾਹਿਗੁਰੂ' ਗੁਰਮੰਤਰ ਦਿਤਾ ਹੈ ਇਸ ਲਈ ਸਾਡੇ ਲਈ '**ਵਾਹਿਗੁਰੂ ਵਾਹਿਗੁਰੂ.......**' ਜਪਣ ਦਾ ਸੰਦੇਸ਼ ਹੈ - 'ਰਾਮ ਰਾਮ ਬੋਲਿ ਰਾਮ ਰਾਮ॥', ਪੰਨਾ ੧੧੯੨.

**ਬੇਦ ਪੁਰਾਨ ਪੜੇ ਕਾ ਕਿਆ ਗੁਨੁ ਖਰ ਚੰਦਨ ਜਸ ਭਾਰਾ॥**
**ਰਾਮ ਨਾਮ ਕੀ ਗਤਿ ਨਹੀ ਜਾਨੀ ਕੈਸੇ ਉਤਰਸਿ ਪਾਰਾ॥੧॥**

-- ਹੇ ਪੰਡਤ ! ਧਰਮ ਗ੍ਰੰਥਾਂ, ਜਿਨ੍ਹਾਂ ਵਿਚ ਵੇਦ, ਪੁਰਾਣ ਤੇ ਹੋਰ ਸਾਰੇ ਧਰਮ ਗ੍ਰੰਥ ਸ਼ਾਮਲ ਹਨ, ਦੇ ਸਿਰਫ਼ ਪਾਠ ਪਠਣ ਦਾ ਕੀ ਲਾਭ ! ਉਨ੍ਹਾਂ ਵਿਚ ਦਿਤੇ ਉਪਦੇਸ਼ ਮੁਤਾਬਕ, ਰਾਮ ਦੇ ਨਾਮ ਦਾ, ਭਾਵ, ਵਾਹਿਗੁਰੂ ਦਾ ਸਿਮਰਣ ਕਰਨ ਤੋਂ ਬਿਨਾਂ, ਤੇਰਾ, ਉਨ੍ਹਾਂ ਦਾ ਪਾਠ ਕਰਨਾ ਇੰਵ ਹੈ, ਜਿਵੇਂ ਖੋਤੇ ਨੇ ਚੰਦਨ ਦਾ ਭਾਰ ਲਦਿਆ ਹੋਵੇ, ਉਸ ਖੋਤੇ ਵਿਚਾਰੇ ਨੂੰ ਕੀ ਪਤਾ ਕਿ ਉਸ ਦਾ ਭਾਰ ਅਤਿਅੰਤ ਕੀਮਤੀ, ਚੰਦਨ ਦੀ ਲਕੜ ਹੈ ਜੋ ਸੁਗੰਧਤ ਹੈ। ਧਰਮ ਗ੍ਰੰਥ ਰੂਪੀ ਕੀਮਤੀ ਚੰਦਨ ਦੀ ਲਕੜ ਦਾ, ਮੂਰਖ ਮਨੁਖ ਰੂਪੀ ਖੋਤੇ ਨੂੰ ਕੋਈ ਲਾਭ ਨਹੀਂ, ਜੋ ਧਰਮ ਗ੍ਰੰਥ ਦਾ ਪਾਠ ਤਾਂ ਕਰੀ ਜਾਂਦਾ ਹੈ ਪਰ ਉਸ ਦੇ ਉਪਦੇਸ਼ ਨੂੰ ਧਾਰ ਕੇ ਸਿਮਰਨ ਨਹੀਂ ਕਰਦਾ।

-- ਇਸੇ ਤਰ੍ਹਾਂ ਤੂੰ ਵੀ ਧਰਮ ਗ੍ਰੰਥਾਂ ਦੇ ਪਾਠ ਤੋਂ ਵਾਹਗੁਰੂ ਦੇ ਸਿਮਰਣ ਦੀ ਮਹਿਮਾ ਨੂੰ ਤਾਂ ਨਹੀਂ ਸਮਝ ਸਕਿਆ, ਉਸ ਤੋਂ ਵਿਹੂਣਾ ਤੂੰ ਭਵਜਲ ਸੰਸਾਰ ਸਾਗਰ ਤੋਂ ਪਾਰ ਕਿਵੇਂ ਹੋ ਸਕੇਂਗਾ, ਭਾਵ ਕਦੇ ਨਹੀਂ ਹੋ ਸਕਦਾ।੧।

ਸ੍ਰੀ ਗੁਰੂ ਨਾਨਕ ਸਾਹਿਬ ਦਾ ੭੯੧ ਪੰਨੇ ਤੇ, ਸਪੱਸ਼ਟ ਫ਼ੁਰਮਾਣ ਹੈ ਕਿ ਪੰਡਿਤ ਵਰਗ ਦੇ ਧਰਮ ਗ੍ਰੰਥਾਂ ਦੇ ਨਿਰੇ ਪਾਠ ਨਾਲ ਕੁਝ ਨਹੀਂ ਬਣਦਾ, ਉਨ੍ਹਾਂ ਤੇ ਅਮਲ ਕਰ ਕੇ ਸਿਮਰਣ ਕਰਨ ਨਾਲ ਹੀ ਪਾਰ ਉਤਾਰਾ ਸੰਭਵ ਹੋ ਸਕਦਾ ਹੈ - 'ਬੇਦ ਪਾਠ ਸੰਸਾਰ ਕੀ ਕਾਰ॥ ਪੜ੍ਹਿ ਪੜ੍ਹਿ ਪੰਡਿਤ ਕਰਹਿ ਬੀਚਾਰ॥ ਬਿਨੁ ਬੂਝੇ ਸਭ ਹੋਇ ਖੁਆਰ॥'

ਆਪਣੇ ਦਿਤੇ ਉਪਦੇਸ਼ਾਂ, ਤ੍ਰਿਪਿਟਕ ਗ੍ਰੰਥ ਬਾਰੇ ਮਹਾਤਮਾ ਬੁਧ ਜੀ ਨੇ ਇਕ ਵੇਰ ਭਿਕਸ਼ੂਆਂ ਨੂੰ ਇਥੋਂ ਤਕ ਕਹਿ ਦਿਤਾ ਸੀ ਕਿ '**ਭਿਕਸ਼ੂਓ ! ਇਹ ਬੇੜਾ ਮੈਂ ਤੁਹਾਨੂੰ ਕੇਵਲ ਨਦੀ ਪਾਰ ਕਰਨ ਲਈ ਦਿਤਾ ਹੈ, ਕਿਤੇ ਇਸ ਨੂੰ ਮੋਢੇ ਉਤੇ ਨ ਚੁਕੀ ਫਿਰਿਓ।**' ਪਰ ਹੁੰਦਾ ਇਹੀ ਆਇਆ ਹੈ।

**ਜੀਅ ਬਧਹੁ ਸੁ ਧਰਮੁ ਕਰਿ ਥਾਪਹੁ ਅਧਰਮੁ ਕਹਹੁ ਕਤ ਭਾਈ॥**
**ਆਪਸ ਕਉ ਮੁਨਿਵਰ ਕਰਿ ਥਾਪਹੁ ਕਾ ਕਉ ਕਹਹੁ ਕਸਾਈ॥੨॥**

-- ਇਕ ਪਾਸੇ ਤਾਂ ਤੂੰ ਗ੍ਰੰਥਾਂ ਦੇ ਪਾਠ ਪਠਣ ਕਰਦਾ ਹੈਂ ਅਤੇ ਦੂਜੇ ਪਾਸੇ ਨਾਲ ਨਾਲ ਤੂੰ ਜੀਵਾਂ ਦਾ ਕਤਲ ਵੀ ਕਰੀ ਜਾਂਦਾ ਹੈਂ ਅਤੇ (ਆਪਣੇ ਜੀਭ ਦੇ ਸੁਆਦ ਲਈ) ਇਕ ਖਾਸ ਕਿਸਮ ਨਾਲ ਮਾਰੇ ਜਾਨਵਰ ਦੇ ਮਾਸ ਦਾ ਸੇਵਨ ਧਰਮ-ਮੁਤਾਬਕ ਕਰਾਰ ਦਿੰਦਾ ਹੈਂ। ਕਬੀਰ ਜੀ ਕਟਾਖ ਮਈ ਢੰਗ ਨਾਲ ਪੰਡਤ ਦੀ ਅਜਿਹੀ ਮਾੜੀ ਸੋਚ ਤੇ ਹਮਲਾ ਬੋਲਦੇ ਹੋਏ ਫ਼ੁਰਮਾਣ ਕਰਦੇ ਹਨ ਕਿ ਜੇ ਕਿਸੇ ਜਾਨਵਰ ਦਾ, ਕਿਸੇ ਖ਼ਾਸ ਤਰੀਕੇ ਨਾਲ ਕੀਤਾ ਕਤਲ, ਤੇਰੇ ਮੁਤਾਬਕ ਧਰਮ ਠਹਿਰਿਆ ਤਾਂ ਫ਼ਿਰ ਅਧਰਮ ਕਿਸ ਨੂੰ ਕਿਹਾ ਜਾਵੇ ! ਭਾਵ ਜਾਨਵਰਾਂ ਦਾ ਕਤਲ ਹਰ ਹਾਲ ਵਿਚ ਅਧਰਮ ਹੀ ਹੈ। ਕਤਲ ਦਾ ਢੰਗ ਕੋਈ ਵੀ ਹੋਵੇ।

(ਇਹੀ ਗ਼ਲਤੀ ਸਿਖ ਵੀ ਕਰ ਰਹੇ ਹਨ - 'ਝਟਕਾ' ਧਰਮ ਮੁਤਾਬਕ ਤੇ 'ਕੁਠਾ' ਵਰਜਿਤ, ਜਦਕਿ 'ਕੁਠਾ' ਤੇ 'ਝਟਕਾ' ਦੋਵੇਂ, ਜੀਵ ਦਾ ਕਤਲ ਹੀ ਹਨ, ਸਿਰਫ਼ ਮਾਰਣ ਦੇ ਢੰਗ ਬਦਲ ਲੈਣ ਨਾਲ ਕਤਲ ਅਪਵਿਤਰ ਤੋਂ ਪਵਿਤਰ ਕਿਵੇਂ ਹੋ ਸਕਦਾ ਹੈ। ਨਾ ਹੀ ਮਾਰਣ ਦਾ ਢੰਗ ਬਦਲ ਲੈਣ ਨਾਲ ਇਹ ਕਨੂੰਨ ਦੀ ਸੀਮਾ ਵਿਚ ਆ ਜਾਂਦਾ ਹੈ। ਮੁਕਦਮਾ ਤਾਂ ਕਤਲ ਦਾ ਉਸੇ ਤਰ੍ਹਾਂ ਹੀ ਚਲਣਾ ਹੈ।)

ਸ੍ਰੀ ਗੁਰੂ ਅਰਜਨ ਦੇਵ ਸਾਹਿਬ ਵੀ, ਪੰਨਾ ੨੦੧ ਤੇ, ਅਜਿਹਾ ਹੀ ਬਚਨ ਕਰਦੇ ਹਨ ਕਿ ਇਕ ਪਾਸੇ ਤਾਂ ਤੂੰ ਧਰਮ ਗ੍ਰੰਥਾਂ ਦੀ ਮਿਠੀ ਮਿਠੀ ਬਾਣੀ ਪੜ੍ਹੀ ਜਾਂਦਾ ਹੈਂ ਅਤੇ ਦੂਜੇ ਪਾਸੇ ਜੀਆਂ ਦੇ ਕਤਲ ਤੋਂ ਨਹੀਂ ਸੰਗਦਾ ਜਾਂ ਝਕਦਾ, ਇਸ ਕਰਕੇ ਤੇਰਾ ਹਿਰਦਾ ਅਸ਼ੁਧ, ਅਪਵਿਤਰ ਹੋ

ਰਿਹਾ ਹੈ (ਮਾੜਾ ਕਰਮ ਕਰਨ ਨਾਲ ਹਿਰਦਾ ਅਸ਼ੁਧ ਹੀ ਹੁੰਦਾ ਹੈ)। ਜਿਸ ਤੇ ਵਾਹਿਗੁਰੂ ਕਿਰਪਾ ਕਰੇ, ਉਹੀ, ਪਵਿਤਰ ਹਿਰਦਾ ਰਖ ਕੇ ਬ੍ਰਹਮ ਦੀ ਬੀਚਾਰ ਭਾਵ ਸਿਮਰਣ ਕਰਦਾ ਹੈ - 'ਬੇਦ ਪੜੈ ਮੁਖਿ ਮੀਠੀ ਬਾਣੀ॥ ਜੀਆਂ ਕੁਹਤ ਨ ਸੰਗੈ ਪਰਾਣੀ॥ ਕਹੁ ਨਾਨਕ ਜਿਸੁ ਕਿਰਪਾ ਧਾਰੈ॥ ਹਿਰਦਾ ਸੁਧੁ ਬ੍ਰਹਮੁ ਬੀਚਾਰੈ॥' ਸ੍ਰੀ ਗੁਰੂ ਨਾਨਕ ਸਾਹਿਬ ਨੇ ਵੀ ਸਪੱਸ਼ਟ ਤੌਰ ਤੇ ਜੀਆਂ ਦੇ ਕਤਲ ਕਰਨ ਵਾਲਿਆਂ ਨੂੰ ਸੁਥਰੇ ਜਾਂ ਪਾਪ-ਰਹਿਤ ਮੰਨਣ ਤੋਂ ਇਨਕਾਰ ਕੀਤਾ ਹੈ। ਉਨ੍ਹਾਂ ਦੇ ਬਚਨ ਹਨ ਕਿ ਬਗਲਾ ਚਿਟੇ ਬਸਤਰਾਂ ਵਿਚ ਹੁੰਦਾ ਹੈ, ਰਹਿੰਦਾ ਵੀ ਤੀਰਥਾਂ (ਜਲ ਸਰੋਤਾਂ) ਦੇ ਨੇੜੇ ਹੈ। ਇਸੇ ਤਰ੍ਹਾਂ ਜੇ ਕੋਈ ਵਿਅਕਤੀ ਚਿਟੇ ਸੁਥਰੇ ਕਪੜੇ ਪਾ ਕੇ, ਭਾਵੇਂ ਤੀਰਥਾਂ ਤੇ ਜਾ ਕੇ ਵਸ ਜਾਏ। ਉਹ ਬਗਲਾ ਵੀ, ਤੇ ਉਹ ਚਿਟਪੋਸ਼ ਵਿਅਕਤੀ ਵੀ ਜੇ ਗਲੇ ਘੁਟ ਘੁਟ ਕੇ, ਵਢ ਕੇ ਜੀਆਂ ਨੂੰ ਖਾਈ ਜਾਏ ਤਾਂ ਉਨ੍ਹਾਂ ਨੂੰ ਸੁਥਰੇ, ਪਾਪ-ਮੁਕਤ ਨਹੀਂ ਮੰਨਿਆਂ ਜਾ ਸਕਦਾ - 'ਬਗਾ ਬਗੇ ਕਪੜੇ ਤੀਰਥ ਮੰਝਿ ਵਸੰਨਿ॥ ਘੁਟਿ ਘੁਟਿ ਜੀਆ ਖਾਵਣੇ ਬਗੇ ਨਾ ਕਹੀਅਨਿ॥', ਪੰਨਾ ੭੨੯.

-- ਅਗੋਂ, ਭਗਤ ਕਬੀਰ ਜੀ ਫ਼ੁਰਮਾਣ ਕਰਦੇ ਹਨ ਕਿ ਜੇ ਜਾਨਵਰ ਦਾ ਇਕ ਖ਼ਾਸ ਢੰਗ ਨਾਲ ਕੀਤਾ ਕਤਲ ਕਰਕੇ ਵੀ ਤੂੰ ਆਪਣੇ ਆਪ ਨੂੰ ਮੁਨੀਵਰ, ਭਾਵ, ਭਗਤ ਕਹਾਉਂਦਾ ਹੈਂ ਤਾਂ ਫ਼ਿਰ ਕਸਾਈ ਕਿਸ ਨੂੰ ਕਹੀਏ ! ਭਾਵ, ਜਾਨਵਰਾਂ ਦੇ ਕਤਲ ਕਰਨ ਵਾਲਾ ਭਗਤ ਨਹੀਂ, ਹਰ ਹਾਲ ਵਿਚ ਕਸਾਈ ਹੀ ਹੁੰਦਾ ਹੈ, ਢੰਗ ਭਾਵੇਂ ਕੋਈ ਵੀ ਹੋਵੇ। ਹੇ ਪੰਡਤ ! ਤੂੰ ਜੋ ਮਰਜ਼ੀ ਕਹੀ ਜਾ।੨।

**ਮਨ ਕੇ ਅੰਧੇ ਆਪਿ ਨ ਬੂਝਹੁ ਕਾਹਿ ਬੁਝਾਵਹੁ ਭਾਈ॥**
**ਮਾਇਆ ਕਾਰਨ ਬਿਦਿਆ ਬੇਚਹੁ ਜਨਮੁ ਅਬਿਰਥਾ ਜਾਈ॥੩॥**

-- ਹੇ ਨਾਮ ਵਿਹੂਣੇ ਕਰਮ ਕਾਂਡੀ ਪੰਡਤ ! ਤੂੰ ਆਪ ਤਾਂ ਮਨ ਤੋਂ ਅੰਨ੍ਹਾ ਹੈਂ, ਭਾਵ ਅਗਿਆਨੀ ਹੈਂ, ਆਪ ਤਾਂ ਤੂੰ ਜ਼ਰਾ ਵੀ, ਅਧਿਆਤਮਕ ਗਿਆਨ ਪ੍ਰਾਪਤ ਨਹੀਂ ਕੀਤਾ, ਦੂਜਿਆਂ ਨੂੰ ਕਿਸ ਤਰ੍ਹਾਂ ਗਿਆਨ ਦੀ ਗਲ ਸਮਝਾਉਂਦਾ ਜਾਂ ਬੁਝਾਉਦਾ ਹੈਂ !

-- ਸਿਰਫ਼ ਮਾਇਆ ਇਕੱਤਰ ਕਰਨ ਦੀ ਖਾਤਰ ਤੂੰ ਰਬੀ ਗਿਆਨ ਬਿਖੇਰਨ ਦਾ ਢੌਂਗ ਕਰਦਾ ਹੈਂ, ਇਸ ਤਰ੍ਹਾਂ ਤੇਰਾ ਇਹ ਕੀਮਤੀ ਮਨੁਖਾ ਜਨਮ ਵਿਅਰਥ ਜਾ ਰਿਹਾ ਹੈ।੩।

ਸ੍ਰੀ ਗੁਰੂ ਅਰਜਨ ਦੇਵ ਸਾਹਿਬ, ਪੰਨਾ ੩੮੧ ਤੇ, ਅਜਿਹਾ ਹੀ ਫ਼ੁਰਮਾਣ ਕਰਦੇ ਹਨ ਕਿ ਪਹਿਲਾਂ ਆਪਣੇ ਮਨ ਨੂੰ ਰੱਬੀ ਗਿਆਨ ਨਾਲ ਪ੍ਰਬੋਧ ਲਈਏ ਤਾਂ ਦੂਜਿਆਂ ਨੂੰ ਸਿਖਿਆ ਦੇਣ ਦੀ ਗਲ ਕਰੀਏ - 'ਪ੍ਰਥਮੇ ਮਨੁ ਪਰਬੋਧੈ ਅਪਨਾ ਪਾਛੈ ਅਵਰ ਰੀਝਾਵੈ॥'

**ਨਾਰਦ ਬਚਨ ਬਿਆਸੁ ਕਹਤ ਹੈ ਸੁਕ ਕਉ ਪੂਛਹੁ ਜਾਈ॥**
**ਕਹਿ ਕਬੀਰ ਰਾਮੈ ਰਮਿ ਛੂਟਹੁ ਨਾਹਿ ਤ ਬੂਡੇ ਭਾਈ॥੪॥੧॥**

-- ਹੇ ਪੰਡਤ ! ਜੇ ਤੈਨੂੰ ਮੇਰੀ ਗਲ ਤੇ ਯਕੀਨ ਨਹੀਂ ਆਉਂਦਾ ਕਿ ਨਿਰਾ ਧਰਮ ਗ੍ਰੰਥਾਂ ਦੇ ਪਾਠ ਪਠਣ ਨਾਲ ਨਹੀਂ, ਸਗੋਂ ਪਰਮੇਸ਼ਰ ਦੇ ਸਿਮਰਨ ਵਿਚ ਲੀਨ ਹੋਣ ਨਾਲ ਪਾਰ ਹੋਈਦਾ ਹੈ, ਤਾਂ ਪੁਰਾਤਨ ਰਿਖੀਆਂ, ਮੁਨੀਆਂ ਦੇ ਬਚਨ ਹੀ ਮਨ ਲੈ, ਨਾਰਦ ਰਿਖੀ ਦੇ ਵੀ ਇਹੀ ਬਚਨ ਹਨ, ਬਿਆਸ ਜੀ ਵੀ ਇਹੀ ਫ਼ੁਰਮਾਣ ਕਰਦੇ ਹਨ, ਭਾਵੇਂ ਰਿਖੀ ਸੁਕਦੇਵ ਜੀ ਨੂੰ ਪੜ੍ਹ ਲੈ, ਸਾਰੇ ਹੀ ਇਕ ਮਤ ਹਨ ਕਿ ਨਾਮ ਸਿਮਰਿਆਂ ਹੀ ਪਾਰ ਉਤਾਰਾ ਹੁੰਦਾ ਹੈ, ਨਿਰੇ ਧਰਮ ਗ੍ਰੰਥਾਂ ਦੇ ਪਾਠ ਪਠਣ ਨਾਲ ਨਹੀਂ।

ਸ੍ਰੀ ਗੁਰੂ ਅਰਜਨ ਦੇਵ ਸਾਹਿਬ, ੨੯੮ ਪੰਨੇ ਤੇ ਗਵਾਹੀ ਭਰ ਰਹੇ ਹਨ ਕਿ ਨਾਰਦ ਮੁਨੀ, ਰਿਖੀ ਸੁਕਦੇਵ ਅਤੇ ਬਿਆਸ ਆਦਿ ਸਾਰੇ ਗੋਬਿੰਦ ਵਾਹਿਗੁਰੂ ਦਾ ਜਸ ਗਾਉਂਦੇ ਹਨ ਅਤੇ ਇਹ ਭਗਵਾਨ ਜੀ ਦੇ ਭਗਤ, ਸਦਾ ਉਸ ਦੇ ਨਾਮ ਰਸ ਵਿਚ ਭਿਜੇ ਰਹਿੰਦੇ ਹਨ, ਉਸ ਦੀ ਯਾਦ ਵਿਚ ਓਤ-ਪੋਤ ਤੇ ਮਸਤ ਰਹਿੰਦੇ ਹਨ - 'ਨਾਰਦ ਮੁਨਿ ਜਨ ਸੁਕ ਬਿਆਸ ਜਸੁ ਗਾਵਤ ਗੋਬਿੰਦ॥ ਰਸ ਗੀਧੇ ਹਰਿ ਸੀਉ ਬੀਧੇ ਭਗਤ ਰਚੇ ਭਗਵੰਤ॥' ਸ੍ਰੀ ਗੁਰੂ ਅਮਰਦਾਸ ਸਾਹਿਬ ਨੇ ੯੫੧ ਪੰਨੇ ਤੇ ਇੰਨ-ਬਿੰਨ ਗਵਾਹੀ ਭਰੀ ਹੈ ਕਿ ਇੰਨ੍ਹਾਂ ਸਾਰਿਆਂ ਨੂੰ ਪੁਛ ਲਉ, ਇਨ੍ਹਾਂ ਨੇ ਵੀ ਗੁਰੂ ਨਾਲ ਲਗ ਕੇ ਨਾਮ ਜਪਣ ਨੂੰ ਕਿਹਾ ਹੈ - 'ਜਾਇ ਪੁਛਹੁ ਸਿਮ੍ਰਿਤੀ ਸਾਸਤ ਬਿਆਸ ਸੁਕ ਨਾਰਦ ਬਚਨ ਸਭ ਸ੍ਰਿਸਟਿ ਕਰੇਨਿ॥ ਸਚੈ ਲਾਏ ਸਚਿ ਲਗੇ ਸਦਾ ਸਚੁ ਸਮਾਲੇਨਿ॥'

ਗੁਰੂ ਗ੍ਰੰਥ ਸਾਹਿਬ ਵਿਚ ਹੋਰਨਾਂ ਦੀਆਂ ਵੀ, ਬੇਅੰਤ ਗਵਾਹੀਆਂ ਹਨ। ਭਗਤ ਨਾਮਦੇਵ ਜੀ ਵੀ ਇਹੀ ਦਸਦੇ ਹਨ ਕਿ ਉਨ੍ਹਾਂ ਨੇ ਸਿਮਰਣ ਕਰ ਕੇ ਹੀ ਪਰਮਾਤਮਾ ਨੂੰ ਜਾਣਿਆ ਹੈ, ਭਾਵ, ਪ੍ਰਾਪਤ ਕੀਤਾ ਹੈ - 'ਨਾਮਦੇਇ ਸਿਮਰਨੁ ਕਰਿ ਜਾਨਾਂ॥', ਪੰਨਾ ੮੫੮.

-- ਸ਼ਬਦ ਦੀ ਅਖੀਰਲੀ ਪੰਕਤੀ ਵਿਚ ਭਗਤ ਕਬੀਰ ਜੀ ਫ਼ੁਰਮਾਣ ਕਰਦੇ ਹਨ ਕਿ ਸਿਰਫ਼ ਤੇ ਸਿਰਫ਼ ਨਾਮ ਸਿਮਰਣ ਵਿਚ ਲੀਨ ਹੋਣ ਨਾਲ ਹੀ ਜਨਮ ਮਰਣ ਦੇ ਗੇੜ ਦੇ ਬੰਧਨ ਤੋਂ ਛੁਟ ਸਕੋਗੇ; ਨਹੀਂ ਤਾਂ, ਭਵਜਲ ਸੰਸਾਰ ਸਾਗਰ ਵਿਚ ਡੁਬੇ ਹੀ ਡੁਬੇ, ਸਮਝੋ।੪।੧।

ਸ੍ਰੀ ਗੁਰੂ ਅਮਰਦਾਸ ਸਾਹਿਬ ਦਾ ਵੀ, ਪੰਨਾ ੫੫੬ ਤੇ ਫ਼ੁਰਮਾਣ ਹੈ ਕਿ ਜੋ ਮਨੁਖ, ਹਰ ਸਾਹ ਨਾਲ, ਪਰਮਾਤਮਾ ਦਾ ਨਾਮ ਸਿਮਰਦਾ ਹੈ ਅਤੇ ਕੋਈ ਵੀ ਸਾਹ, ਅਜਾਈਂ ਨਹੀਂ ਗੁਆਉਂਦਾ, ਉਸ ਦਾ ਜਨਮ ਮਰਨ ਦਾ ਡਰ ਮੁਕ ਜਾਂਦਾ ਹੈ ਅਤੇ ਉਹ ਪਰਮ ਲਕਸ਼ ਦੀ ਪ੍ਰਾਪਤੀ ਕਰ ਲੈਂਦਾ ਹੈ - 'ਦਮਿ ਦਮਿ ਸਦਾ ਸਮਾਲਦਾ ਦੰਮੁ ਨ ਬਿਰਥਾ ਜਾਇ॥ ਜਨਮ ਮਰਨ ਕਾ ਭਉ ਗਇਆ ਜੀਵਨ ਪਦਵੀ ਪਾਇ॥' ਗਲ ਕੀ ! ਸਾਰੀ ਬਾਣੀ ਕੂਕ ਕੂਕ ਕੇ ਸਿਮਰਨ ਕਰਣ ਦੀ ਦੁਹਾਈ ਦੇ ਰਹੀ ਹੈ। ਕੋਈ ਬਾਣੀ, ਕੋਈ ਸ਼ਬਦ, ਕੋਈ ਪਦਾ, ਕੋਈ ਸਲੋਕ ਅਜਿਹਾ ਨਹੀਂ ਮਿਲਦਾ ਜਿਸ ਵਿਚ ਸਿਮਰਨ ਕਰਨ ਦਾ ਸਿਧੇ ਜਾਂ ਅਸਿਧੇ ਤੌਰ ਤੇ ਉਪਦੇਸ਼, ਹੁਕਮ ਨਾ ਮਿਲਦਾ ਹੋਵੇ। ਸਿਮਰਨ ਕਰਨ ਵਾਲਿਆਂ ਨੂੰ ਸ਼ਾਬਾਸ਼ੀ ਅਤੇ ਨਾ ਕਰਨ ਵਾਲਿਆਂ ਨੂੰ ਲਾਨ੍ਹਤਾਂ ਵੀ ਪਾਈਆਂ ਹਨ। ਇਸ ਲਈ ਆਉ ਜਪੀਏ, ਅਤੇ ਗੁਰੂ ਦੀ ਸ਼ਾਬਾਸ਼ੀ ਦੇ ਪਾਤਰ ਬਣੀਏ ਜੀ -

ਵਾਹਿਗੁਰੂ ਵਾਹਿਗੁਰੂ ਵਾਹਿਗੁਰੂ ਵਾਹਿਗੁਰੂ ਵਾਹਿਗੁਰੂ ਵਾਹਿਗੁਰੂ ਵਾਹਿਗੁਰੂ ਵਾਹਿਗੁਰੂ ਵਾਹਿਗੁਰੂ ਵਾਹਿਗੁਰੂ ਵਾਹਿਗੁਰੂ ਵਾਹਿਗੁਰੂ ਵਾਹਿਗੁਰੂ ਵਾਹਿਗੁਰੂ ਵਾਹਿਗੁਰੂ ਵਾਹਿਗੁਰੂ .......

